# GDm-Health ਐਪ Apple App Store (iPhone) ਅਤੇ Google Play (Android ਫੋਨਾਂ) ਤੋਂ ਮੁਫ਼ਤ ਵਿੱਚ ਡਾਉਨਲੋਡ ਕੀਤੀ ਜਾ ਸਕਦੀ ਹੈ।

ਐਪ ਨੂੰ ਡਾਉਨਲੋਡ ਕਰਨਾ ਅਸਾਨ ਹੈ, ਬਸ ਹੇਠਾਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ:

**ਆਪਣੇ ਫ਼ੋਨ ‘ਤੇ ਇੱਥੇ ਜਾਓ www.sensynehealth.com/gdm**

Google Play ਜਾਂ App Store ਆਈਕਨ ਉੱਤੇ ਟੈਪ ਕਰੋ ਅਤੇ ਇੰਸਟਾਲ ਕਰੋ

GET IT ON Google Play

Download on the App Store

ਧਿਆਨ ਦਿਓ: ਕਿਰਪਾ ਕਰਕੇ ਧਿਆਨ ਦਿਓ, ਡੇਟਾ ਗੋਪਨੀਅਤਾ ਦੇ ਕਾਰਨਾਂ ਕਰਕੇ, GDm-Health ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਫ਼ੋਨ ਉੱਤੇ ਸਕਿਊਰਿਟੀ ਪਾਸਕੋਡ ਸੈੱਟ ਕਰੋ।




1. ਐਪ ਖੋਲ੍ਹੋ, ‘Activate (ਐਕਟੀਵੇਟ)’ ‘ਤੇ ਟੈਪ ਕਰੋ ਅਤੇ ਤੁਹਾਡੀ ਡਾਇਬਟੀਜ਼ ਦੇਖਭਾਲ ਟੀਮ ਨੇ ਤੁਹਾਨੂੰ ਜੋ 9-ਅੰਕੀ ਕੋਡ ਦਿੱਤਾ ਸੀ ਉਸ ਨੂੰ ਸਬਮਿਟ ਕਰੋ

2. ‘Terms of use(ਵਰਤੋਂ ਦੀਆਂ ਸ਼ਰਤਾਂ)’ ਨੂੰ ਪੜ੍ਹੋ ਅਤੇ ‘I agree (ਮੈਂ ਸਹਿਮਤ ਹਾਂ)’ ‘ਤੇ ਟੈਪ ਕਰਕੇ ਇਨ੍ਹਾਂ ਨਾਲ ਸਹਿਮਤ ਹੋਵੋ

ਜੇ ਬਲੱਡ ਗੁਲੂਕੋਜ਼ ਪੜ੍ਹਤਾਂ (ਰੀਡਿੰਗਜ਼) ਲੈਣ ਬਾਰੇ ਜਾਂ GDm-Health ਐਪ ਦੀ ਵਰਤੋਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੀ ਡਾਇਬਟੀਜ਼ ਸਪੈਸ਼ਲਿਸਟ ਮਿਡਵਾਈਫ਼ ਜਾਂ ਦੇਖਭਾਲ ਟੀਮ ਨਾਲ ਸੰਪਰਕ ਕਰੋ।

Sensyne Health


© 2019 ਸੈਨਸਾਈਨ ਹੈਲਥ ਪੀ.ਐੱਲ.ਸੀ. (© 2019 Sensyne Health plc)
ਸਭ ਹੱਕ ਰਾਖਵੇਂ ਹਨ। ਜਨਤਕ ਜਾਣਕਾਰੀ। ਸਮਝੌਤੇ ਦੇ ਅਧੀਨ। ਵਰਤੋਂ ਲਈ ਹਦਾਇਤ ਦੇਖੋ। ਹਵਾਲਾ: GDM.BR.2.0.07/19

# WaveSense *JAZZ WIRELESS* ਬਲੱਡ ਗੁਲੂਕੋਜ਼ ਮੀਟਰ ਨੂੰ GDm-Health ਐਪ ਨਾਲ ਜੋੜੋ




**AgaMatrix WaveSense *JAZZ WIRELESS* ਮੀਟਰ ਨੂੰ ਆਪਣੇ ਸਮਾਰਟ ਉਪਕਰਨ ਨਾਲ ਪੇਅਰ ਕਰਨਾ ਅਸਾਨ ਹੈ, ਬਸ ਹੇਠਾਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ:**

1. GDm-Health ਐਪ ਨੂੰ ਖੋਲ੍ਹੋ ਅਤੇ 'Hub (ਹੱਬ)' ਸਕ੍ਰੀਨ ਉੱਤੇ ਨੈਵੀਗੇਟ ਕਰੋ, ਫਿਰ "connect to a meter (ਮੀਟਰ ਨਾਲ ਕਨੈਕਟ ਕਰੋ)" ਉੱਤੇ ਟੈਪ ਕਰੋ।
2. 'Choose meter (ਮੀਟਰ ਚੁਣੋ)' ਸੂਚੀ ਵਿੱਚ WaveSense *JAZZ WIRELESS* ਮੀਟਰ ਉੱਤੇ ਟੈਪ ਕਰੋ।
3. ਆਪਣੇ WaveSense *JAZZ WIRELESS* ਮੀਟਰ 'ਤੇ ਬਟਨ ਨੂੰ ਦਬਾਓ ਅਤੇ ਉਦੋਂ ਤੱਕ ਦਬਾਈ ਰੱਖੋ ਜਦੋਂ ਤੱਕ Bluetooth ਚਿੰਨ੍ਹ ਜਗਮਗਾਉਣਾ ਨਹੀਂ ਸ਼ੁਰੂ ਕਰਦਾ, ਫਿਰ "Scan now (ਹੁਣ ਸਕੈਨ ਕਰੋ)" ਬਟਨ ਉੱਤੇ ਟੈਪ ਕਰੋ
4. ਤੁਹਾਡੇ ਮੀਟਰਾਂ ਦੀ ਸੂਚੀ ਵਿੱਚ ਮੀਟਰ ਅਤੇ ਇਸ ਦਾ ਲੜੀ ਨੰਬਰ ਪ੍ਰਗਟ ਹੋਵੇਗਾ, ਪੇਅਰ ਕਰਨਾ ਸ਼ੁਰੂ ਕਰਨ ਲਈ ਇਸ ਉੱਤੇ ਟੈਪ ਕਰੋ
5. ਨਿਰਦੇਸ਼ ਮਿਲਣ 'ਤੇ, ਐਪ ਵਿੱਚ ਤੁਹਾਡੇ ਮੀਟਰ ਉੱਤੇ ਦਿਖਾਈ ਦਿੰਦਾ 6-ਅੰਕ ਦਾ ਕੋਡ ਦਰਜ ਕਰੋ; ਮੀਟਰ ਦੇ ਸਫਲਤਾਪੂਰਵਕ ਢੰਗ ਨਾਲ ਪੇਅਰ ਹੋਣ 'ਤੇ ਕਨਫਰਮੇਸ਼ਨ ਮਿਲੇਗੀ

ਮੀਟਰ ਤੋਂ ਐਪ ਲਈ ਬਲੱਡ ਗੁਲੂਕੋਜ਼ ਦੀਆਂ ਪੜ੍ਹਤਾਂ ਨੂੰ ਸਿੰਕ ਕਰਨ ਲਈ ਬਸ:

1. GDm-Health ਐਪ ਖੋਲ੍ਹੋ ਅਤੇ 'Hub (ਹੱਬ)' ਸਕ੍ਰੀਨ ਉੱਤੇ ਨੈਵੀਗੇਟ ਕਰੋ, ਫਿਰ ਸਕ੍ਰੀਨ ਦੇ ਸੱਜੇ ਪਾਸੇ ਸਭ ਤੋਂ ਹੇਠਾਂ ਵੱਡੇ ⊕ ਚਿੰਨ੍ਹ ਉੱਤੇ ਟੈਪ ਕਰੋ
2. 'Take a BG reading (ਬੀ.ਜੀ. ਪੜ੍ਹਤ ਲਵੋ)' ਉੱਤੇ ਟੈਪ ਕਰੋ
3. ਆਪਣੇ ਮੀਟਰ ਉੱਤੇ ਬਟਨ ਨੂੰ ਦਬਾ ਕੇ ਛੱਡ ਦਿਓ ਅਤੇ ਹਾਲੀਆ ਪੜ੍ਹਤਾਂ ਨੂੰ ਸਿੰਕ ਕਰਨ ਲਈ ਐਪ ਉੱਤੇ 'Scan (ਸਕੈਨ)' ਉੱਤੇ ਟੈਪ ਕਰੋ

7500-10223-PA Rev B | Punjabi